12A

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2023

# ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਇਨਕਮ ਅਸਿਸਟੈਂਸ ਦੀ ਐਪਲੀਕੇਸ਼ਨ ਦਾ ਕਾਰਜ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਊਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਇਹ ਹੈਲਪ ਸ਼ੀਟ ਡਿਸਏਬਿਲਟੀਜ਼ ਵਾਲੇ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਤੋਂ ਡਿਸਏਬਿਲਟੀ ਭੱਤਿਆਂ (ਬੈਨੇਫਿਟਸ) ਲਈ ਪਹਿਲੀ ਵਾਰੀ ਅਪਲਾਈ ਕਰਨ ਦੀ ਲੋੜ ਹੈ। ਅਸੀਂ ਉਨ੍ਹਾਂ ਕਦਮਾਂ ਬਾਰੇ ਦੱਸਦੇ ਹਾਂ ਜਿਹੜੇ ਤੁਹਾਡੇ ਲਈ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਦਰਜੇ ਦੇ ਭੱਤੇ ਲਈ ਐਪਲੀਕੇਸ਼ਨ ਕਰਨ ਤੋਂ ਪਹਿਲਾਂ ਚੁੱਕਣੇ ਜ਼ਰੂਰੀ ਹਨ। ਇਹ ਜਾਣਕਾਰੀ ਲੈਣ ਲਈ ਕਿ ਪੀ ਡਬਲਯੂ ਡੀ ਲਈ ਅਪਲਾਈ ਕਿਵੇਂ ਕਰਨਾ ਹੈ, ਕਿਰਪਾ ਕਰਕੇ ਸਾਡੀ **ਹੈਲਪ ਸ਼ੀਟ 2: ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਲਈ ਐਪਲੀਕੇਸ਼ਨ** ਦੇਖੋ।

## ਨਵੀਂ ਔਨਲਾਈਨ ਐਪਲੀਕੇਸ਼ਨ

ਐੱਮ ਐੱਸ ਡੀ ਪੀ ਆਰ ਨੇ ਭੱਤਿਆਂ ਲਈ ਆਪਣੀ ਔਨਲਾਈਨ ਐਪਲੀਕੇਸ਼ਨ ਫਰਵਰੀ 2017 ਵਿਚ ਬਦਲੀ ਸੀ। ਜੇ ਤੁਸੀਂ ਕਦੇ ਵੀ ਉਸ ਤਾਰੀਕ ਤੋਂ ਪਹਿਲਾਂ ਭੱਤਿਆਂ ਲਈ ਅਪਲਾਈ ਕੀਤਾ ਹੈ ਤਾਂ ਤੁਹਾਨੂੰ ਨਵਾਂ ਸਿਸਟਮ ਓਪਰਾ ਲੱਗਣ ਦੀ ਸੰਭਾਵਨਾ ਹੋਵੇਗੀ। ਇਹ ਹੈਲਪ ਸ਼ੀਟ ਨਵੇਂ ਸਿਸਟਮ ਬਾਰੇ ਦੱਸਣ ਵਿਚ ਮਦਦ ਕਰੇਗੀ।

## ਸ਼ੁਰੂ ਕਰਨ ਤੋਂ ਪਹਿਲਾਂ

ਆਪਣੀ ਐਪਲੀਕੇਸ਼ਨ ਮੁਕੰਮਲ ਕਰਨ ਲਈ ਤੁਹਾਨੂੰ ਇਨ੍ਹਾਂ ਦੀ ਲੋੜ ਪਵੇਗੀ:
- ਇੰਟਰਨੈੱਟ ਨਾਲ ਜੁੜਿਆ ਹੋਇਆ ਕੰਪਿਊਟਰ, ਟੈਬਲਿਟ, ਜਾਂ ਮੋਬਾਇਲ ਯੰਤਰ
- ਈਮੇਲ ਐਡਰੈਸ
- ਟੈਲੀਫੋਨ

ਜੇ ਤੁਹਾਡੀ ਕਿਸੇ ਕੰਪਿਊਟਰ ਜਾਂ ਫੋਨ ਤੱਕ ਪਹੁੰਚ ਨਹੀਂ ਹੈ, ਜਾਂ ਤੁਸੀਂ ਕਿਸੇ ਵੀ ਕਾਰਨ ਕਰਕੇ ਇਹ ਵਰਤਣ ਦੇ ਅਸਮਰੱਥ ਹੋ ਤਾਂ ਅਸੀਂ ਤੁਹਾਨੂੰ ਆਪਣੀ ਹਾਲਤ ਦੱਸਣ ਲਈ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰਨ ਦੀ ਬੇਨਤੀ ਕਰਦੇ ਹਾਂ। ਐੱਮ ਐੱਸ ਡੀ ਪੀ ਆਰ ਦੇ ਦਫਤਰਾਂ ਵਿਚ ਕੰਪਿਊਟਰ ਹਨ ਜਿਹੜੇ ਅਰਜ਼ੀ ਕਰਨ ਵਾਲੇ ਵਰਤ ਸਕਦੇ ਹਨ। ਜੇ ਤੁਸੀਂ ਆਪ ਔਨਲਾਈਨ ਅਪਲਾਈ ਨਹੀਂ ਕਰ ਸਕਦੇ ਤਾਂ ਤੁਸੀਂ ਫੋਨ ’ਤੇ ਮਦਦ ਨਾਲ ਐਪਲੀਕੇਸ਼ਨ ਕਰਨ ਬਾਰੇ ਪੁੱਛਣ ਲਈ ਐੱਮ ਐੱਸ ਡੀ ਪੀ ਆਰ ਨੂੰ ਫੋਨ ਕਰ ਸਕਦੇ ਹੋ।

ਜੇ ਤੁਹਾਡੇ ਕੋਲ ਇੰਟਰਨੈੱਟ ਵਾਲਾ ਟੈਲੀਫੋਨ ਅਤੇ ਕੰਪਿਊਟਰ ਹੈ ਤਾਂ ਤੁਸੀਂ ਇਨਕਮ ਅਸਿਸਟੈਂਸ ਲਈ ਆਪਣੀ ਐਪਲੀਕੇਸ਼ਨ ਘਰ ਤੋਂ ਸ਼ੁਰੂ ਕਰ ਸਕਦੇ ਹੋ।

## ਡਿਸਏਬਿਲਟੀ ਭੱਤਿਆਂ (ਪੀ ਡਬਲਯੂ ਡੀ) ਬਾਰੇ

ਡਿਸਏਬਿਲਟੀਜ਼ ਵਾਲੇ ਲੋਕ ਆਪਣੇ ਆਪ ਹੀ ਡਿਸਏਬਿਲਟੀ ਭੱਤਿਆਂ (ਬੈਨੇਫਿਟਸ) ਲਈ ਯੋਗ ਨਹੀਂ ਹੋ ਜਾਂਦੇ। ਮੁਢਲੀ ਐਪਲੀਕੇਸ਼ਨ ’ਤੇ ਕਾਰਵਾਈ ਹੋਣ ਨੂੰ ਅਤੇ ਸਾਰੇ ਲੋੜੀਂਦੇ ਪੇਪਰ ਲੈਣ ਲਈ ਇਕ ਹਫਤਾ ਜਾਂ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਸ ਤੋਂ ਪਹਿਲਾਂ ਕਿ ਐੱਮ ਐੱਸ ਡੀ ਪੀ ਆਰ ਤੁਹਾਨੂੰ ਪੀ ਡਬਲਯੂ ਡੀ ਐਪਲੀਕੇਸ਼ਨ ਫਾਰਮ ਦੇਵੇ, ਤੁਹਾਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਤੁਸੀਂ ਡਿਸਏਬਿਲਟੀ ਮਦਦ ਲੈਣ ਲਈ ਮਾਇਕ ਤੌਰ ’ਤੇ ਯੋਗ ਹੋ ਜਾਂ ਤੁਹਾਡੀ ਨੇੜ ਭਵਿੱਖ ਵਿਚ ਯੋਗ ਹੋਣ ਦੀ ਸੰਭਾਵਨਾ ਹੈ। ਇਹ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵਲੋਂ ਭਰੀ ਜਾਣੀ ਅਤੇ ਮਨਜ਼ੂਰੀ ਲਈ ਵਿਕਟੋਰੀਆ ਵਿਚ ਐੱਮ ਐੱਸ ਡੀ ਪੀ ਆਰ ਦੀ ਹੈਲਥ ਅਸਿਸਟੈਂਸ ਬਰਾਂਚ ਨੂੰ ਭੇਜੀ ਜਾਣੀ ਜ਼ਰੂਰੀ ਹੈ। ਜੇ ਐੱਮ ਐੱਸ ਡੀ ਪੀ ਆਰ ਤੁਹਾਡੀ ਪੀ ਡਬਲਯੂ ਡੀ ਲਈ ਐਪਲੀਕੇਸ਼ਨ ਨੂੰ ਮਨਜ਼ੂਰੀ ਦੇ ਦਿੰਦੀ ਹੈ ਤਾਂ ਤੁਹਾਨੂੰ ਫਿਰ “ਡਿਸਏਬਿਲਟੀਜ਼ ਵਾਲਾ ਵਿਅਕਤੀ” ਸਮਝਿਆ ਜਾਵੇਗਾ ਅਤੇ ਤੁਸੀਂ ਡਿਸਏਬਿਲਟੀ ਅਸਿਸਟੈਂਸ ਰੇਟ ਲੈਣ ਦੇ ਯੋਗ ਹੋਵੋਂਗੇ।

ਡਿਸਏਬਿਲਟੀਜ਼ ਭੱਤੇ ਪਿਛਲੀ ਤਾਰੀਕ ਤੋਂ ਸ਼ੁਰੂ ਨਹੀਂ ਹੁੰਦੇ। ਇਸ ਦਾ ਮਤਲਬ ਹੈ ਕਿ ਉਹ ਉਸ ਮਹੀਨੇ ਤੋਂ ਦਿੱਤੇ ਜਾਂਦੇ ਹਨ ਜਿਸ ਮਹੀਨੇ ਐੱਮ ਐੱਸ ਡੀ ਪੀ ਆਰ ਇਹ ਫੈਸਲਾ ਕਰਦੀ ਹੈ ਕਿ ਤੁਸੀਂ ਯੋਗ ਹੋ। ਤੁਹਾਡੀ ਪੀ ਡਬਲਯੂ ਡੀ ਲਈ ਐਪਲੀਕੇਸ਼ਨ ਬਾਰੇ ਫੈਸਲਾ ਕਰਨ ਲਈ ਐੱਮ ਐੱਸ ਡੀ ਪੀ ਆਰ ਨੂੰ ਘੱਟੋ ਘੱਟ ਤਿੰਨ ਮਹੀਨੇ ਲੱਗ ਸਕਦੇ ਹਨ।

## ਆਮਦਨ ਬਾਰੇ

ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਭੱਤੇ ਆਮਦਨ ’ਤੇ ਨਿਰਭਰ ਹਨ। ਇਸ ਦਾ ਮਤਲਬ ਹੈ ਕਿ ਜਿਹੜੇ ਪੈਸੇ ਤੁਹਾਨੂੰ ਹੋਰ ਵਸੀਲਿਆਂ ਤੋਂ ਮਿਲਦੇ ਹਨ, ਉਹ ਇਸ ਚੀਜ਼ ’ਤੇ ਅਸਰ ਪਾ ਸਕਦੇ ਹਨ ਕਿ ਕੀ ਤੁਸੀਂ ਭੱਤਿਆਂ ਲਈ ਯੋਗ ਹੋ ਜਾਂ ਨਹੀਂ, ਅਤੇ ਤੁਸੀਂ ਕਿੰਨੇ ਪੈਸਿਆਂ ਲਈ ਯੋਗ ਹੋ। ਉਦਾਹਰਣ ਲਈ, ਜੇ ਤੁਸੀਂ ਇਕੱਲੇ ਹੋ ਅਤੇ ਤੁਹਾਡੀ ਹਰ ਮਹੀਨੇ ਦੀ ਆਮਦਨ 1060 ਡਾਲਰ ਨਾਲੋਂ ਜ਼ਿਆਦਾ ਹੈ ਤਾਂ ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਤੁਸੀਂ ਰੈਗੂਲਰ ਇਨਕਮ ਅਸਿਸਟੈਂਸ ਲਈ ਯੋਗ ਹੋਵੋਂਗੇ। ਇਕੱਲੇ ਲੋਕ ਜਿਨ੍ਹਾਂ ਦੀ ਮਹੀਨੇ ਦੀ ਆਮਦਨ 1,483.50 ਡਾਲਰ ਨਾਲੋਂ ਜ਼ਿਆਦਾ ਹੁੰਦੀ ਹੈ, ਉਹ ਮਾਇਕ ਤੌਰ ’ਤੇ ਡਿਸਏਬਿਲਟੀ ਭੱਤੇ ਲੈਣ ਦੇ ਅਯੋਗ ਹੋ ਸਕਦੇ ਹਨ। ਜੇ ਤੁਹਾਡੀ ਆਮਦਨ ਇਨਕਮ ਅਸਿਸਟੈਂਸ ਲਈ ਬਹੁਤ ਜ਼ਿਆਦਾ ਹੈ ਪਰ ਡਿਸਏਬਿਲਟੀ ਅਸਿਸਟੈਂਸ ਰੇਟ ਨਾਲੋਂ ਘੱਟ ਹੈ ਤਾਂ ਤੁਸੀਂ ਡਿਸਏਬਿਲਟੀ ਅਸਿਸਟੈਂਸ ਲਈ ਅਪਲਾਈ ਕਰ ਸਕਦੇ ਹੋ।

## ਸੰਪਤੀ ਬਾਰੇ

ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਭੱਤੇ ਜਾਇਦਾਦ ’ਤੇ ਵੀ ਨਿਰਭਰ ਹਨ। ਇਸ ਦਾ ਮਤਲਬ ਹੈ ਕਿ ਤੁਹਾਡੇ ਕੋਲ ਜਿਹੜੀ ਸੰਪਤੀ (ਐਸਿਟਸ) ਹੈ, ਉਹ ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਅਸਿਸਟੈਂਸ ਲਈ ਤੁਹਾਡੀ ਯੋਗਤਾ ’ਤੇ ਅਸਰ ਪਾ ਸਕਦੀ ਹੈ। ਇਸ ਕਰਕੇ ਹੀ ਅਪਲਾਈ ਕਰਨ ਵੇਲੇ ਐੱਮ ਐੱਸ ਡੀ ਪੀ ਆਰ ਤੁਹਾਨੂੰ ਆਪਣੇ ਪੈਸਿਆਂ ਅਤੇ ਆਪਣੀ ਮਾਲਕੀ ਵਾਲੀ ਪ੍ਰਾਪਰਟੀ ਬਾਰੇ ਜਾਣਕਾਰੀ ਦੇਣ ਲਈ ਕਹਿੰਦੀ ਹੈ। ਡਿਸਏਲਿਬਟੀ ਅਸਿਸਟੈਂਸ ਲਈ ਯੋਗ ਹੋਣ ਵਾਲੇ ਇਕੱਲੇ ਵਿਅਕਤੀ ਲਈ ਸੰਪਤੀ ਦੀ ਹੱਦ 100,000 ਡਾਲਰ ਹੈ ਜਦ ਕਿ ਰੈਗੂਲਰ ਇਨਕਮ ਅਸਿਸਟੈਂਸ ’ਤੇ ਇਕੱਲੇ ਵਿਅਕਤੀ ਲਈ ਸੰਪਤੀ ਦੀ ਹੱਦ 5,000 ਡਾਲਰ ਹੈ। ਜੇ ਤੁਹਾਡੀ ਪੂੰਜੀ ਗੁੰਝਲਦਾਰ ਹੈ ਅਤੇ ਮਨਿਸਟਰੀ ਅਸਿਸਟੈਂਸ ਲਈ ਤੁਹਾਡੀ ਮੁਢਲੀ ਐਪਲੀਕੇਸ਼ਨ ਰੱਦ ਕਰ ਦਿੰਦੀ ਹੈ ਤਾਂ ਅਸੀਂ ਤੁਹਾਨੂੰ ਕਿਸੇ ਐਡਵੋਕੇਟ (ਹਿਮਾਇਤੀ) ਦੀ ਸਲਾਹ ਲੈਣ ਦੀ ਸਿਫਾਰਸ਼ ਕਰਦੇ ਹਾਂ। ਪੀ ਡਬਲਯੂ ਡੀ ਲਈ ਨਵੇਂ ਅਰਜ਼ੀਕਰਤਾ, ਜਿਨ੍ਹਾਂ ਦੀ ਕੋਈ ਆਮਦਨ ਨਹੀਂ ਹੈ ਅਤੇ ਬੱਚਤ 100,000 ਡਾਲਰ ਤੱਕ ਦੀ ਹੈ, ਉਹ ਆਪਣੇ ਪੀ ਡਬਲਯੂ ਡੀ ਦੇ ਮਨਜ਼ੂਰ ਹੋਣ ਦੀ ਉਡੀਕ ਕਰਨ ਦੌਰਾਨ ਇਨਕਮ ਅਸਿਸਟੈਂਸ ਦੀ ਮੁਢਲੀ ਰਕਮ 1060 ਡਾਲਰ ਪ੍ਰਤੀ ਮਹੀਨਾ ਲੈ ਸਕਦੇ ਹਨ। ਜੇ ਉਨ੍ਹਾਂ ਦੀ ਪੀ ਡਬਲਯੂ ਡੀ ਲਈ ਐਪਲੀਕੇਸ਼ਨ ਰੱਦ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਹ ਪੈਸੇ ਵਾਪਸ ਦੇਣ ਦੀ ਲੋੜ ਨਹੀਂ ਹੈ।

## ਜਿਨ੍ਹਾਂ ਲੋਕਾਂ ਨਾਲ ਤੁਸੀਂ ਰਹਿੰਦੇ ਹੋ ਉਨ੍ਹਾਂ ਬਾਰੇ

ਡਿਸਏਬਿਲਟੀ ਵਾਲਾ ਕੋਈ ਵਿਅਕਤੀ ਜੋ ਪਰਿਵਾਰ ਦੇ ਕਿਸੇ ਮੈਂਬਰ ਜਾਂ ਰੂਮਮੇਟ ਨਾਲ ਰਹਿ ਰਿਹਾ ਹੋਵੇ, ਇਕੱਲੇ ਵਿਅਕਤੀ ਵਜੋਂ ਇਨਕਮ ਅਸਿਸਟੈਂਸ ਜਾਂ ਡਿਸਏਬਿਲਟੀ ਭੱਤੇ ਲਈ ਯੋਗ ਹੋ ਸਕਦਾ ਹੈ। ਪਰ, ਜੇ ਤੁਸੀਂ ਵਿਆਹੇ ਹੋਏ ਹੋ ਜਾਂ ਪਤੀ/ਪਤਨੀ ਜਾਂ ਪਾਰਟਨਰ ਨਾਲ ਘੱਟੋ ਘੱਟ ਇਕ ਸਾਲ ਤੋਂ ਰਹਿੰਦੇ ਹੋ ਤਾਂ ਐੱਮ ਐੱਸ ਡੀ ਪੀ ਆਰ ਤੁਹਾਡੇ ਘਰ ਦੀ ਕੁੱਲ ਆਮਦਨ ਅਤੇ ਸੰਪਤੀ ਬਾਰੇ ਜਾਣਨਾ ਚਾਹੇਗੀ। ਤੁਹਾਡੇ ਤੋਂ ਜੋੜੇ ਵਜੋਂ ਇਨਕਮ ਅਸਿਸਟੈਂਸ ਲਈ ਅਪਲਾਈ ਕਰਨ ਦੀ ਉਮੀਦ ਕੀਤੀ ਜਾਵੇਗੀ। ਜੇ ਐੱਮ ਐੱਸ ਡੀ ਪੀ ਆਰ ਤੁਹਾਡੇ ਰਹਿਣ ਦੇ ਪ੍ਰਬੰਧ ਨੂੰ ਗਲਤ ਸਮਝਦੀ ਹੈ ਤਾਂ ਅਸੀਂ ਇਹ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਕਿਸੇ ਐਡਵੋਕੇਟ ਦੀ ਸਲਾਹ ਲਉ।

# ਸ਼ੁਰੂ ਕਰਨਾ

ਐੱਮ ਐੱਸ ਡੀ ਪੀ ਆਰ ਦਾ ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਭੱਤਿਆਂ ਲਈ ਅਰਜ਼ੀ ਕਰਨ ਵਾਲਿਆਂ ਅਤੇ ਇਹ ਲੈਣ ਵਾਲਿਆਂ ਲਈ ਸੰਪਰਕ ਕਰਨ ਦਾ ਇਕ ਨੰਬਰ ਹੈ: 1-866-866-0800.

## ਪੜਾ 1: ਮਾਈ ਸੈਲਫ ਸਰਵ ਅਕਾਊਂਟ ਅਤੇ ਬੀ ਸੀ ਈ ਆਈ ਡੀ ਬਣਾਉ

ਆਪਣਾ ਮਾਈ ਸੈਲਫ ਸਰਵ (ਮਾਈ ਐੱਸ ਐੱਸ) ਅਕਾਊਂਟ myselfserve.gov.bc.ca ’ਤੇ ਬਣਾਉ। ਤੁਹਾਨੂੰ ਕੁਝ ਨਿੱਜੀ ਜਾਣਕਾਰੀ ਦੇਣ ਲਈ ਕਿਹਾ ਜਾਵੇਗਾ, ਜਿਸ ਵਿਚ ਤੁਹਾਡਾ ਸੋਸ਼ਲ ਇਨਸ਼ੋਰੈਂਸ ਨੰਬਰ (ਸਿਨ), ਸੰਪਰਕ ਕਰਨ ਦੀ ਜਾਣਕਾਰੀ, ਅਤੇ ਜਨਮ ਦੀ ਤਾਰੀਕ ਸ਼ਾਮਲ ਹਨ। ਤੁਹਾਡੇ ਵਲੋਂ ਇਹ ਜਾਣਕਾਰੀ ਐੱਮ ਐੱਸ ਡੀ ਪੀ ਆਰ ਨੂੰ ਦਰਜ ਕਰਵਾ ਦੇਣ ਦੇ ਬਾਅਦ, ਉਹ ਤੁਹਾਨੂੰ ਇਕ ਈਮੇਲ ਭੇਜਣਗੇ ਜਿਸ ਵਿਚ ਆਪਣਾ ਅਕਾਊਂਟ ਸੈੱਟ ਕਰਨ ਨੂੰ ਪੂਰਾ ਕਰਨ ਲਈ ਇਕ ਲਿੰਕ ਹੋਵੇਗਾ। ਤੁਹਾਨੂੰ ਇਕ 4-ਅੰਕਾਂ ਦਾ ਪਾਸਵਰਡ (ਪਿਨ) ਬਣਾਉਣ ਲਈ ਕਿਹਾ ਜਾਵੇਗਾ। ਅਜਿਹਾ ਪਿਨ ਚੁਣੋ ਜਿਸ ਨੂੰ ਤੁਸੀਂ ਯਾਦ ਰੱਖੋਗੇ ਅਤੇ ਇਸ ਨੂੰ ਪ੍ਰਾਈਵੇਟ ਰੱਖਣਾ ਯਾਦ ਰੱਖੋ। ਤੁਸੀਂ ਆਪਣਾ ਪਿਨ ਲਿਖਣਾ ਅਤੇ ਕਿਸੇ ਸੁਰੱਖਿਅਤ ਥਾਂ ’ਤੇ ਰੱਖਣਾ ਵੀ ਚਾਹੁੰਦੇ ਹੋ ਸਕਦੇ ਹੋ। ਫਿਰ ਤੁਹਾਨੂੰ ਇਕ ਮੁਢਲੀ ਬੀ ਸੀ ਈ ਆਈ ਡੀ ਬਣਾਉਣ ਲਈ ਕਿਹਾ ਜਾਵੇਗਾ ਜੇ ਇਹ ਤੁਹਾਡੇ ਕੋਲ ਪਹਿਲਾਂ ਨਹੀਂ ਹੈ। ਇਸ ਦਾ ਮਤਲਬ ਹੈ ਕਿ ਤੁਹਾਨੂੰ ਇਕ ਵੱਖਰਾ ਬੀ ਸੀ ਈ ਆਈ ਡੀ ਪਾਸਵਰਡ ਬਣਾਉਣ ਲਈ ਆਪਣੇ ਬਾਰੇ ਹੋਰ ਜਾਣਕਾਰੀ ਦੇਣ ਲਈ ਅਤੇ ਸਕਿਉਰਟੀ ਦੇ ਅਜਿਹੇ ਸਵਾਲ ਚੁਣਨ ਲਈ ਕਿਹਾ ਜਾਵੇਗਾ ਜਿਹੜੇ ਭਵਿੱਖ ਵਿਚ ਤੁਹਾਡੇ ਅਕਾਊਂਟ ਨੂੰ ਰਿਕਵਰ ਕਰਨ ਜਾਂ ਤੁਹਾਡੀ ਪਛਾਣ ਦੀ ਤਸਦੀਕ ਕਰਨ ਲਈ ਪੁੱਛੇ ਜਾ ਸਕਦੇ ਹਨ।

## ਪੜਾ 2: ਮਾਈ ਸੈਲਫ ਸਰਵ (ਮਾਈ ਐੱਸ ਐੱਸ) ਦੀ ਵਰਤੋਂ ਕਰਦੇ ਹੋਏ ਅਪਲਾਈ ਕਰੋ

ਆਪਣੇ ਨਵੇਂ ਮਾਈ ਐੱਸ ਐੱਸ ਅਕਾਊਂਟ ’ਤੇ ਲੌਗਇਨ ਕਰੋ। “ਸਰਵਿਸ ਰਿਕੁਐਸਟਸ” ਸਲੈਕਟ ਕਰੋ ਅਤੇ ਫਿਰ “ਕਰੀਏਟ ਸਰਵਿਸ ਰਿਕੁਐਸਟ” ਸਲੈਕਟ ਕਰੋ ਅਤੇ ਇਕ ਨਵੀਂ “ਐਪਲੀਕੇਸ਼ਨ ਫਾਰ ਅਸਿਸਟੈਂਸ” ਸ਼ੁਰੂ ਕਰੋ। ਅਸਿਸਟੈਂਸ ਲਈ ਐਪਲੀਕੇਸ਼ਨ ਦੇ, ਤੁਹਾਡੀਆਂ ਨਿੱਜੀ ਅਤੇ ਮਾਇਕ ਹਾਲਤਾਂ ਬਾਰੇ ਵੱਖ ਵੱਖ ਸਵਾਲਾਂ ਨਾਲ 11 ਭਾਗ ਹਨ। ਤੁਹਾਨੂੰ ਪੁੱਛੇ ਜਾਣ ਵਾਲੇ ਸਵਾਲ ਵੱਖ ਵੱਖ ਹੋਣਗੇ ਜੋ ਕਿ ਤੁਹਾਡੀਆਂ ਹਾਲਤਾਂ ਉੱਪਰ ਨਿਰਭਰ ਕਰਦਾ ਹੈ।

### ਸੁਝਾਅ

- ਮਾਈ ਐੱਸ ਐੱਸ ਅਤੇ ਬੀ ਸੀ ਈ ਆਈ ਡੀ ਲਈ ਰਜਿਸਟਰੇਸ਼ਨ ਗੁੰਝਲਦਾਰ ਹੋ ਸਕਦੀ ਹੈ। ਇਸ ਦੇ ਨਾਲ ਹੀ, ਸਮੇਂ ਸਮੇਂ ’ਤੇ ਮਾਈ ਐੱਸ ਐੱਸ ਸਿਸਟਮ ਬਾਰੇ ਕੁਝ ਸਮੱਸਿਆਵਾਂ ਦੀ ਰਿਪੋਰਟ ਵੀ ਕੀਤੀ ਗਈ ਹੈ। ਜੇ ਤੁਸੀਂ ਮਾਈ ਐੱਸ ਐੱਸ ਲਈ ਰਜਿਸਟਰ ਹੋਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਨੇ ਕੰਮ ਨਹੀਂ ਕੀਤਾ ਤਾਂ ਇਹ ਸ਼ਾਇਦ ਤੁਹਾਡਾ ਕਸੂਰ ਨਹੀਂ ਹੈ। ਕੁਝ ਸਮੇਂ ਲਈ ਉਡੀਕ ਕਰਨ ਅਤੇ ਦੁਬਾਰਾ ਕੋਸ਼ਿਸ਼ ਕਰਨ ਬਾਰੇ ਵਿਚਾਰ ਕਰੋ। ਜੇ ਤੁਹਾਨੂੰ ਲਗਾਤਾਰ ਸਮੱਸਿਆਵਾਂ ਆ ਰਹੀਆਂ ਹਨ ਤਾਂ ਮਦਦ ਨਾਲ ਐਪਲੀਕੇਸ਼ਨ ਕਰਨ ਬਾਰੇ ਕਹਿਣ ਲਈ ਐੱਮ ਐੱਸ ਡੀ ਪੀ ਆਰ ਨੂੰ ਫੋਨ ਕਰੋ। ਜੇ ਇਹ ਹੱਲ ਕੰਮ ਨਾ ਕਰਨ ਤਾਂ ਅਸੀਂ ਤੁਹਾਨੂੰ ਕਿਸੇ ਐਡਵੋਕੇਟ ਨਾਲ ਸੰਪਰਕ ਕਰਨ ਲਈ ਉਤਸ਼ਾਹ ਦਿੰਦੇ ਹਾਂ।
- “ਐਪਲੀਕੇਸ਼ਨ ਫਾਰ ਅਸਿਸਟੈਂਸ” ਦੌਰਾਨ ਤੁਹਾਨੂੰ ਡਾਕੂਮੈਂਟਸ ਅਪਲੋਡ ਕਰਨ ਲਈ ਕਿਹਾ ਜਾਵੇਗਾ (ਜਿਵੇਂ ਕਿ ਤੁਹਾਡੀ ਆਈ. ਡੀ., ਬੈਂਕ ਦੀਆਂ ਸਟੇਟਮੈਂਟਾਂ ਆਦਿ ਦੀਆਂ ਕਾਪੀਆਂ)। ਜੇ ਤੁਹਾਡੇ ਕੋਲ ਕੋਈ ਜ਼ਰੂਰੀ ਆਈ ਡੀ ਨਾ ਹੋਵੇ ਅਤੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਸੰਪਰਕ ਕਰੋ: ਖਏਟਟਲਏ.ਚਇਟੇਧ ਭਅਨਕ – 604-215-5494. ਇਸ ਸਮੇਂ ਦੌਰਾਨ ਤੁਸੀਂ ਆਪਣੀ ਐਪਲੀਕੇਸ਼ਨ ਸਾਰੇ ਪੇਪਰ ਅਪਲੋਡ ਕੀਤੇ ਬਿਨਾਂ ਮੁਕੰਮਲ ਕਰ ਸਕਦੇ ਹੋ। ਜੇ ਤੁਸੀਂ ਮੰਗੇ ਗਏ ਸਾਰੇ ਪੇਪਰ ਅਪਲੋਡ ਨਹੀਂ ਕਰਦੇ ਤਾਂ ਤੁਹਾਨੂੰ ਇਹ ਐੱਮ ਐੱਸ ਡੀ ਪੀ ਆਰ ਨੂੰ ਫੈਕਸ ਕਰਨ ਦੀ ਲੋੜ ਪਵੇਗੀ ਜਾਂ ਐੱਮ ਐੱਸ ਡੀ ਪੀ ਆਰ ਦੇ ਦਫਤਰ ਆਪ ਜਾ ਕੇ ਦੇਣੇ ਪੈਣਗੇ।
- ਐਪਲੀਕੇਸ਼ਨ ਵਿਚ ਤੁਹਾਨੂੰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਤੁਸੀਂ ਪੀ ਡਬਲਯੂ ਡੀ ਦੇ ਦਰਜੇ ਲਈ ਅਪਲਾਈ ਕਰਨ ਦਾ ਇਰਾਦਾ ਰੱਖਦੇ ਹੋ। ਇਸ ਸਵਾਲ ਦਾ ਜਵਾਬ “ਹਾਂ” ਵਿਚ ਦੇਣਾ ਯਾਦ ਰੱਖੋ।
- ਯਾਦ ਰੱਖੋ ਕਿ ਤੁਸੀਂ ਆਪਣੀ ਐਪਲੀਕੇਸ਼ਨ ਸੇਵ ਕਰ ਸਕਦੇ ਹੋ ਅਤੇ ਇਸ ’ਤੇ ਵਾਪਸ ਆ ਸਕਦੇ ਹੋ ਜਦੋਂ ਤੁਸੀਂ ਜਾਰੀ ਰੱਖਣ ਲਈ ਤਿਆਰ ਹੋਵੋ।

## ਫੌਰੀ ਲੋੜਾਂ ਦੀ ਅਸੈੱਸਮੈਂਟ

ਅਸਿਸਟੈਂਸ ਲਈ ਐਪਲੀਕੇਸ਼ਨ ਵਿਚ ਇਸ ਚੀਜ਼ ਬਾਰੇ ਸਵਾਲ ਸ਼ਾਮਲ ਹਨ ਕਿ ਕੀ ਤੁਹਾਡੀ ਖਾਣੇ, ਰਿਹਾਇਸ਼ ਜਾਂ ਜ਼ਰੂਰੀ ਮੈਡੀਕਲ ਇਲਾਜ ਦੀ ਕੋਈ ਫੌਰੀ ਲੋੜ ਹੈ ਜਾਂ ਨਹੀਂ। ਜੇ ਤੁਸੀਂ ਇਨ੍ਹਾਂ ਸਵਾਲਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ "ਹਾਂ" ਵਿਚ ਦਿੰਦੇ ਹੋ ਤਾਂ ਐੱਮ ਐੱਸ ਡੀ ਪੀ ਆਰ ਦੇ ਵਰਕਰ ਵਲੋਂ ਹੱਕਦਾਰੀ ਲਈ ਇੰਟਰਵਿਊ ਕਰਨ ਲਈ ਤੁਹਾਡੇ ਨਾਲ 24 ਘੰਟਿਆਂ ਦੇ ਵਿਚ ਵਿਚ ਸੰਪਰਕ ਕੀਤਾ ਜਾਣਾ ਚਾਹੀਦਾ ਹੈ ਅਤੇ ਅਸਿਸਟੈਂਸ ਲਈ ਤੁਹਾਡੀ ਐਪਲੀਕੇਸ਼ਨ 'ਤੇ ਤੇਜ਼ੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਜੇ ਤੁਹਾਡੇ ਨਾਲ ਐੱਮ ਐੱਸ ਡੀ ਪੀ ਆਰ ਵਲੋਂ 24 ਘੰਟਿਆਂ ਦੇ ਵਿਚ ਵਿਚ ਸੰਪਰਕ ਨਹੀਂ ਕੀਤਾ ਜਾਂਦਾ ਤਾਂ ਅਸੀਂ ਤੁਹਾਨੂੰ ਐੱਮ ਐੱਸ ਡੀ ਪੀ ਆਰ ਨੂੰ ਫੋਨ (1-866-866-0800) ਕਰਨ ਅਤੇ ਇਹ ਦੱਸਣ ਦੀ ਸਲਾਹ ਦਿੰਦੇ ਹਾਂ ਕਿ ਤੁਹਾਨੂੰ ਮਦਦ ਦੀ ਫੌਰੀ ਲੋੜ ਹੈ।

## ਕੰਮ ਲੱਭਣ ਦੀ ਲੋੜ

ਐੱਮ ਐੱਸ ਡੀ ਪੀ ਆਰ ਦੇ ਨਿਯਮ ਇਹ ਕਹਿੰਦੇ ਹਨ ਕਿ ਜਿਹੜੇ ਲੋਕ ਕੰਮ ਕਰਨ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਪਹਿਲਾਂ ਕਦੇ ਵੀ ਅਸਿਸਟੈਂਸ ਲਈ ਅਪਲਾਈ ਨਹੀਂ ਕੀਤਾ ਹੈ, ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਭੱਤੇ ਮਿਲ ਸਕਣ, ਉਨ੍ਹਾਂ ਲਈ ਸਰਗਰਮੀ ਨਾਲ ਤਿੰਨ ਹਫਤੇ ਕੰਮ ਲੱਭਣਾ ਜ਼ਰੂਰੀ ਹੈ ਜਿਵੇਂ ਕਿ ਮਨਿਸਟਰ ਵਲੋਂ ਐਪਲੀਕੇਸ਼ਨ ਦੀ ਕਾਰਵਾਈ ਦੇ ਪੜਾ 1 ਅਤੇ ਪੜਾ 2 ਵਿਚ ਦੱਸਿਆ ਗਿਆ ਹੈ।

ਪਰ, ਜੇ ਤੁਹਾਡੀ ਕੋਈ ਅਜਿਹੀ ਮੈਡੀਕਲ ਹਾਲਤ ਹੈ ਜਿਹੜੀ ਤੁਹਾਨੂੰ ਕੰਮ ਲੱਭਣ ਤੋਂ ਰੋਕਦੀ ਹੈ ਤਾਂ ਤੁਹਾਨੂੰ ਕੰਮ ਲੱਭਣ ਤੋਂ ਮੁਕਤ ਕੀਤਾ ਜਾ ਸਕਦਾ ਹੈ। ਤੁਹਾਨੂੰ ਆਪਣੇ ਡਾਕਟਰ ਵਲੋਂ ਭਰਿਆ ਹੋਇਆ ਫਾਰਮ ਲੈਣ ਲਈ ਕਿਹਾ ਜਾ ਸਕਦਾ ਹੈ ਜਿਹੜਾ ਇਹ ਕਹਿੰਦਾ ਹੈ ਕਿ ਤੁਹਾਡੀ ਕੋਈ ਅਜਿਹੀ ਮੈਡੀਕਲ ਹਾਲਤ ਹੈ ਜਿਹੜੀ ਤੁਹਾਡੇ ਕੰਮ ਕਰਨ ਨੂੰ ਅਸੰਭਵ ਬਣਾਉਂਦੀ ਹੈ।

# ਪੜਾ 3: ਹੱਕਦਾਰੀ ਲਈ ਇੰਟਰਵਿਊ ਅਤੇ ਹੱਕਦਾਰੀ ਦਾ ਫੈਸਲਾ ਕਰਨਾ

ਤੁਹਾਡੀ ਔਨਲਾਈਨ ਐਪਲੀਕੇਸ਼ਨ ਦਰਜ ਹੋ ਜਾਣ 'ਤੇ ਐੱਮ ਐੱਸ ਡੀ ਪੀ ਆਰ ਦੇ ਕਿਸੇ ਵਰਕਰ ਨੂੰ ਪੰਜ ਦਿਨਾਂ ਦੇ ਵਿਚ ਵਿਚ (ਜਾਂ 24 ਘੰਟਿਆਂ ਵਿਚ, ਜੇ ਤੁਸੀਂ ਇਹ ਦੱਸਿਆ ਹੈ ਕਿ ਤੁਹਾਨੂੰ "ਫੌਰੀ ਲੋੜਾਂ ਦੀ ਅਸੈੱਸਮੈਂਟ" ਦੀ ਲੋੜ ਹੈ) ਤੁਹਾਡੇ ਨਾਲ ਫੋਨ 'ਤੇ ਜਾਂ ਮਾਈ ਐੱਸ ਐੱਸ 'ਤੇ ਸੰਪਰਕ ਕਰਨਾ ਚਾਹੀਦਾ ਹੈ (ਜੋ ਕਿ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਐਪਲੀਕੇਸ਼ਨ ਵਿਚ ਕੀ ਮੰਗਿਆ ਹੈ)। ਜੇ ਤੁਹਾਨੂੰ ਇਸ ਸਮੇਂ ਦੇ ਵਿਚ ਵਿਚ ਫੋਨ ਨਹੀਂ ਆਉਂਦਾ ਤਾਂ ਅਸੀਂ ਤੁਹਾਨੂੰ ਐੱਮ ਐੱਸ ਡੀ ਪੀ ਆਰ ਨੂੰ ਫੋਨ ਕਰਨ (1–866–866–0800) ਅਤੇ ਆਪਣੀ ਐਪਲੀਕੇਸ਼ਨ ਦੇ ਦਰਜੇ ਬਾਰੇ ਪੁੱਛਣ ਦੀ ਸਲਾਹ ਦਿੰਦੇ ਹਾਂ। ਜਦੋਂ ਐੱਮ ਐੱਸ ਡੀ ਪੀ ਆਰ ਦਾ ਵਰਕਰ ਤੁਹਾਡੇ ਨਾਲ ਸੰਪਰਕ ਕਰਦਾ ਹੈ ਤਾਂ ਉਹ ਤੁਹਾਨੂੰ ਕੋਈ ਵੀ ਰਹਿੰਦੇ ਉਹ ਪੇਪਰ ਦਰਜ ਕਰਵਾਉਣ ਲਈ ਕਹੇਗਾ ਜਿਨ੍ਹਾਂ ਦੀ ਇਹ ਦਿਖਾਉਣ ਲਈ ਲੋੜ ਹੈ ਕਿ ਤੁਸੀਂ ਇਨਕਮ ਅਸਿਸਟੈਂਸ ਲਈ ਯੋਗ ਹੋ ਅਤੇ/ਜਾਂ ਪੀ ਡਬਲਯੂ ਡੀ ਦੇ ਦਰਜੇ ਲਈ ਅਪਲਾਈ ਕਰਨ ਦੇ ਯੋਗ ਹੋ। ਇਨ੍ਹਾਂ ਪੇਪਰਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ:

- ਪਛਾਣ ਦੱਸਣ ਵਾਲੇ ਪੇਪਰ
- ਤੁਹਾਡੇ ਚਿੱਠੀ ਪੱਤਰ ਦੇ ਐਡਰੈਸ ਦੀ ਤਸਦੀਕ
- ਤੁਹਾਡੇ ਵਲੋਂ ਦਿੱਤੇ ਜਾਂਦੇ ਕਿਰਾਏ ਦੀ ਤਸਦੀਕ
- ਕਿਸੇ ਵੀ ਉਸ ਆਮਦਨ ਦੀ ਤਸਦੀਕ ਜਿਹੜੀ ਤੁਹਾਨੂੰ ਮਿਲੀ ਹੈ
- ਪਿਛਲੇ 60 ਦਿਨਾਂ ਲਈ ਬੈਂਕ ਦੀਆਂ ਸਟੇਟਮੈਂਟਾਂ
- ਗੱਡੀ ਦੀ ਰਜਿਸਟਰੇਸ਼ਨ, ਜੇ ਤੁਹਾਡੇ ਕੋਲ ਕਾਰ ਹੈ
- ਤੁਹਾਡੇ ਸਭ ਤੋਂ ਤਾਜ਼ਾ ਇਨਕਮ ਟੈਕਸ ਦੀ ਅਸਿਸਮੈਂਟ।

ਇਹ ਪੇਪਰ ਐੱਮ ਐੱਸ ਡੀ ਪੀ ਆਰ ਦੇ ਆਪਣੇ ਲੋਕਲ ਦਫਤਰ ਨੂੰ ਆਪ ਆ ਕੇ ਦਿੱਤੇ ਜਾ ਸਕਦੇ ਹਨ ਜਾਂ ਫੈਕਸ ਕੀਤੇ ਜਾ ਸਕਦੇ ਹਨ। ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਆਪਣੇ ਰਿਕਾਰਡਾਂ ਲਈ ਦਰਜ ਕਰਵਾਏ ਗਏ ਪੇਪਰਾਂ ਦੀ ਤਾਰੀਕ ਦੀ ਮੋਹਰ ਵਾਲੀ ਕਾਪੀ ਲਓ ਜਾਂ ਫੈਕਸ ਕਨਫਰਮੇਸ਼ਨ ਸ਼ੀਟ ਰੱਖੋ। ਵਰਕਰ ਤੁਹਾਨੂੰ ਦਰਜ ਕਰਵਾਈ ਗਈ ਜਾਣਕਾਰੀ ਬਾਰੇ ਵੀ ਪੁੱਛ ਸਕਦਾ ਹੈ। ਜੇ ਕੋਈ ਅਜਿਹੇ ਪੇਪਰ ਹਨ ਜਿਹੜੇ ਤੁਸੀਂ ਲੈ ਨਹੀਂ ਸਕੇ, ਜਾਂ ਕੋਈ ਸਵਾਲ ਹਨ ਜਿਨ੍ਹਾਂ ਦਾ ਜਵਾਬ ਦੇਣ ਦੇ ਤੁਸੀਂ ਅਯੋਗ ਹੋ ਤਾਂ ਇਸ ਬਾਰੇ ਵਰਕਰ ਨੂੰ ਇਸ ਸਮੇਂ ਦੱਸਣਾ ਜ਼ਰੂਰੀ ਹੈ। ਮੰਗੇ ਗਏ ਪੇਪਰ ਦਰਜ ਕਰਵਾਉਣ ਵਿਚ ਦੇਰੀ, ਅਸਿਸਟੈਂਸ ਲਈ ਤੁਹਾਡੀ ਹੱਕਦਾਰੀ ਦੀ ਤਸਦੀਕ ਕਰਨ ਜਾਂ ਪੀ ਡਬਲਯੂ ਡੀ ਲਈ ਐਪਲੀਕੇਸ਼ਨ ਵਿਚ ਦੇਰੀ ਕਰ ਸਕਦੀ ਹੈ।

ਜਦੋਂ ਤੁਸੀਂ ਮੰਗੇ ਗਏ ਪੇਪਰ ਦਰਜ ਕਰਵਾ ਦਿੱਤੇ ਅਤੇ ਹੱਕਦਾਰੀ ਦੇ ਕੋਈ ਸਰੋਕਾਰ ਸਪਸ਼ਟ ਕਰ ਦਿੱਤੇ ਤਾਂ ਐੱਮ ਐੱਸ ਡੀ ਪੀ ਆਰ ਤੁਹਾਨੂੰ ਇਹ ਦੱਸਣ ਲਈ ਕਈ ਦਿਨ ਲਗਾ ਸਕਦੀ ਹੈ ਕਿ ਕੀ ਤੁਸੀਂ ਭੱਤਿਆਂ ਲਈ ਅਤੇ/ਜਾਂ ਪੀ ਡਬਲਯੂ ਡੀ ਐਪਲੀਕੇਸ਼ਨ ਦੇਣ ਲਈ ਯੋਗ ਹੋ। ਜੇ ਉਨ੍ਹਾਂ ਵਲੋਂ ਪੰਜ ਕਾਰੋਬਾਰੀ ਦਿਨਾਂ ਦੇ ਵਿਚ ਵਿਚ ਤੁਹਾਡੇ ਨਾਲ ਸੰਪਰਕ ਨਹੀਂ ਕੀਤਾ ਜਾਂਦਾ ਤਾਂ ਅਸੀਂ ਤੁਹਾਨੂੰ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰਨ ਦੀ ਸਲਾਹ ਦਿੰਦੇ ਹਾਂ।

ਜਦੋਂ ਐੱਮ ਐੱਸ ਡੀ ਪੀ ਆਰ ਨੇ ਤੁਹਾਡੀ ਮਾਇਕ ਹੱਕਦਾਰੀ ਪੱਕੀ ਕਰ ਦਿੱਤੀ ਤਾਂ ਤੁਸੀਂ ਇਨਕਮ ਅਸਿਸੈਂਸ ਅਤੇ ਪੀ ਡਬਲਯੂ ਡੀ ਐਪਲੀਕੇਸ਼ਨ ਲਈ ਯੋਗ ਹੋ ਸਕਦੇ ਹੋ। ਜੇ ਤੁਹਾਨੂੰ ਇਨਕਮ ਅਸਿਸਟੈਂਸ ’ਤੇ ਜਾਣ ਤੋਂ ਪਹਿਲਾਂ ਪੀ ਡਬਲਯੂ ਡੀ ਐਪਲੀਕੇਸ਼ਨ ਮਿਲਦੀ ਹੈ ਤਾਂ ਐੱਮ ਐੱਸ ਡੀ ਪੀ ਆਰ ਇਸ ਨੂੰ ਮੁਕੰਮਲ ਕਰਨ ਅਤੇ ਦਰਜ ਕਰਵਾਉਣ ਲਈ ਤੁਹਾਨੂੰ ਦੋ ਮਹੀਨੇ ਦੇਵੇਗੀ। ਜੇ ਤੁਹਾਨੂੰ ਦੋ ਮਹੀਨਿਆਂ ਨਾਲੋਂ ਜ਼ਿਆਦਾ ਸਮੇਂ ਦੀ ਲੋੜ ਹੋਵੇ ਤਾਂ ਇਸ ਬਾਰੇ ਐੱਮ ਐੱਸ ਡੀ ਪੀ ਆਰ ਨੂੰ ਦੱਸੋ ਤਾਂ ਜੋ ਉਹ ਤੁਹਾਡੀ ਫਾਇਲ ਬੰਦ ਨਾ ਕਰਨ।

## ਜੇ ਐੱਮ ਐੱਸ ਡੀ ਪੀ ਆਰ ਇਹ ਕਹਿੰਦੀ ਹੈ ਕਿ ਤੁਸੀਂ ਯੋਗ ਨਹੀਂ ਹੋ?

ਜੇ ਐੱਮ ਐੱਸ ਡੀ ਪੀ ਆਰ ਤੁਹਾਨੂੰ ਇਹ ਕਹਿੰਦੀ ਹੈ ਕਿ ਤੁਸੀਂ ਇਨਕਮ ਅਸਿਸਟੈਂਸ ਲਈ ਅਤੇ/ਜਾਂ ਪੀ ਡਬਲਯੂ ਡੀ ਲਈ ਅਪਲਾਈ ਕਰਨ ਦੇ ਯੋਗ ਨਹੀਂ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਕਾਰਨਾਂ ਨੂੰ ਸਮਝੋ। ਐੱਮ ਐੱਸ ਡੀ ਪੀ ਆਰ ਦੇ ਵਰਕਰ ਨੂੰ ਤੁਹਾਨੂੰ ਇਹ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਤੁਸੀਂ ਇਹ ਫੈਸਲਾ ਕਰ ਸਕੋ ਕਿ ਅਗਾਂਹ ਕੀ ਕਰਨਾ ਹੈ। ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਨਾਂਹ ਕਰਨ ਦੇ ਐੱਮ ਐੱਸ ਡੀ ਪੀ ਆਰ ਦੇ ਕਾਰਨ ਨਾਵਾਜਬ ਹਨ ਤਾਂ ਤੁਸੀਂ ਇਸ ਫੈਸਲੇ ’ਤੇ ਰੀਕੌਨਸਿਡਰੇਸ਼ਨ (ਮੁੜ ਵਿਚਾਰ) ਕਰਨ ਲਈ ਬੇਨਤੀ ਕਰ ਸਕਦੇ ਹੋ। ਐੱਮ ਐੱਸ ਡੀ ਪੀ ਆਰ ਦੇ ਨਿਯਮ, ਰੀਕੌਨਸਿਡਰੇਸ਼ਨ ਲਈ ਬੇਨਤੀ ਦਰਜ ਕਰਵਾਉਣ ਲਈ ਉਸ ਤਾਰੀਕ ਤੋਂ ਬਾਅਦ 20 ਕਾਰੋਬਾਰੀ ਦਿਨ ਦਿੰਦੇ ਹਨ ਜਿਸ ਦਿਨ ਤੁਹਾਨੂੰ ਪਤਾ ਲੱਗਿਆ ਸੀ ਕਿ ਤੁਹਾਨੂੰ ਨਾਂਹ ਹੋ ਗਈ ਹੈ। ਜੇ ਐੱਮ ਐੱਸ ਡੀ ਪੀ ਆਰ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਯੋਗ ਨਹੀਂ ਹੋ ਤਾਂ ਅਸੀਂ ਤੁਹਾਨੂੰ ਕਿਸੇ ਐਡਵੋਕੇਟ ਦੀ ਸਲਾਹ ਲੈਣ ਦੀ ਸਿਫਾਰਸ਼ ਕਰਦੇ ਹਾਂ।

### ਖਾਸ ਹਾਲਤਾਂ

ਕਦੇ ਕਦੇ ਘੱਟ ਆਮਦਨਾਂ ਵਾਲੇ ਲੋਕ, ਆਪਣੇ ਕੰਟਰੋਲ ਤੋਂ ਬਾਹਰਾ ਖਾਸ ਹਾਲਤਾਂ ਕਰਕੇ ਰੈਗੂਲਰ ਇਨਕਮ ਅਸਿਸਟੈਂਸ ਲਈ ਯੋਗ ਨਹੀਂ ਹੋ ਸਕਦੇ। ਉਦਾਹਰਣ ਲਈ, ਤੁਸੀਂ ਕਿਸੇ ਹੋਰ ਆਮਦਨ ਦੀ ਉਡੀਕ ਕਰ ਰਹੇ ਜਾਂ ਕੋਈ ਪ੍ਰਾਪਰਟੀ ਵੇਚਣ ਦੀ ਕੋਸ਼ਿਸ਼ ਕਰ ਰਹੇ ਹੋ ਸਕਦੇ ਹੋ। ਜੇ ਤੁਹਾਡੇ ਨਾਲ ਅਜਿਹਾ ਹੁੰਦਾ ਹੈ ਤਾਂ ਤੁਸੀਂ ਅਜੇ ਵੀ ਹਾਰਡਸ਼ਿਪ ਅਸਿਸਟੈਂਸ (ਤੰਗੀ ਵਿਚ ਸਹਾਇਤਾ) ਲਈ ਯੋਗ ਹੋ ਸਕਦੇ ਹੋ। ਇਹ ਨੋਟ ਕਰੋ ਕਿ ਹਾਰਡਸ਼ਿਪ ਅਸਿਸਟੈਂਸ ਦੀਆਂ ਕੁਝ ਕਿਸਮਾਂ ਐੱਮ ਐੱਸ ਡੀ ਪੀ ਆਰ ਨੂੰ ਵਾਪਸ ਕਰਨ ਯੋਗ ਹੋ ਸਕਦੀਆਂ ਹਨ।

ਜਿਨ੍ਹਾਂ ਲੋਕਾਂ ਦੀ ਆਮਦਨ ਐੱਮ ਐੱਸ ਡੀ ਪੀ ਆਰ ਵਲੋਂ ਨਿਸ਼ਚਿਤ ਕੀਤੇ ਗਏ ਰੇਟਾਂ ਤੋਂ ਥੋੜ੍ਹੀ ਜਿਹੀ ਉੱਪਰ ਹੁੰਦੀ ਹੈ ਉਹ ਮੈਡੀਕਲ ਸਾਜ਼-ਸਾਮਾਨ ਅਤੇ ਯੰਤਰਾਂ, ਮੈਡੀਕਲ ਸਪਲਾਈ ਜਾਂ ਮੈਡੀਕਲ ਕਾਰਨਾਂ ਕਰਕੇ ਆਵਾਜਾਈ ਲਈ ਹੱਕਦਾਰ ਹੋਣ ਦੇ ਯੋਗ ਹੋ ਸਕਦੇ ਹਨ, ਜੇ ਇਹ ਸਾਰੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ:

- ਤੁਹਾਨੂੰ ਸਿੱਧੀ ਅਤੇ ਛੇਤੀ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਸਿਹਤ ਲੋੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ
- ਇਹ ਲੋੜ ਪੂਰੀ ਕਰਨ ਲਈ ਤੁਹਾਡੇ ਕੋਲ ਕੋਈ ਹੋਰ ਵਸੀਲੇ ਨਹੀਂ ਹਨ
- ਤੁਸੀਂ ਐੱਮ ਐੱਸ ਪੀ ਤੋਂ ਪ੍ਰੀਮੀਅਮ ਅਸਿਸਟੈਂਸ ਲੈ ਰਹੇ ਹੋ
- ਤੁਸੀਂ ਨਿਯਮ ਦੇ ਸਿਹਤ ਸਪਲੀਮੈਂਟ ਭਾਗਾਂ ਵਿਚ ਮਿੱਥੀਆਂ ਗਈਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ (**ਹੈਲਪ ਸ਼ੀਟ 7: ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਸਿਹਤ ਸਪਲੀਮੈਂਟ** ਦੇਖੋ)।

## ਪੀ ਡਬਲਯੂ ਡੀ ਐਪਲੀਕੇਸ਼ਨ ਲਈ ਸੌਖੀ ਕਾਰਵਾਈ

ਜੇ ਤੁਸੀਂ ਪਹਿਲਾਂ ਹੀ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ, ਫਾਰਮਾਕੇਅਰ ਪਲੈਨ ਪੀ (ਪੈਲੀਏਟਿਵ ਕੇਅਰ), ਕਮਿਊਨਟੀ ਲਿ-ਵੰਗ ਬੀ ਸੀ, ਜਾਂ ਐਟ ਹੋਮ ਪ੍ਰੋਗਰਾਮ (ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਤੋਂ) ਨਾਲ ਰਜਿਸਟਰ ਹੋ ਅਤੇ ਭੱਤੇ ਲੈਂਦੇ ਹੋ ਤਾਂ ਤੁਸੀਂ ਪੀ ਡਬਲਯੂ ਡੀ ਐਪਲੀਕੇਸ਼ਨ ਲਈ ਕਾਰਵਾਈ ਤੱਕ ਕਿਤੇ ਸੌਖੀ ਪਹੁੰਚ ਕਰ ਸਕਦੇ ਹੋ। ਪਰ, ਤੁਹਾਨੂੰ ਅਜੇ ਵੀ ਔਨਲਾਈਨ ਐਪਲੀਕੇਸ਼ਨ ਪੂਰੀ ਤਰ੍ਹਾਂ ਮੁਕੰਮਲ ਕਰਨ ਦੀ ਲੋੜ ਹੈ, ਜਿਵੇਂ ਇਸ ਗਾਈਡ ਵਿਚ ਦੱਸਿਆ ਗਿਆ ਹੈ। ਔਨਲ-ਾਈਨ ਐਪਲੀਕੇਸ਼ਨ ਵਿਚ ਇਹ ਪੁੱਛਣਾ ਜਾਣਾ ਚਾਹੀਦਾ ਹੈ ਕਿ ਕੀ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਪ੍ਰੋਗਰਾਮ ਵਿਚ ਰਜਿਸਟਰ ਹੋ। ਜੇ ਤੁਸੀਂ ਇਨ੍ਹਾਂ ਪ੍ਰੋਗਰਾਮਾਂ ਵਿੱਚੋਂ ਕਿਸੇ ਨਾਲ ਰਜਿਸਟਰ ਨਹੀਂ ਹੋ ਤਾਂ ਡਿਸਏਬਿਲਟੀ ਭੱਤਿਆਂ ਲਈ ਅਪਲਾਈ ਕਰਨ ਲਈ ਤੁਹਾਨੂੰ ਪੂਰੀ ਪੀ ਡਬਲਯੂ ਡੀ ਐਪਲੀਕੇਸ਼ਨ ਮੁਕੰਮਲ ਕਰਨ ਦੀ ਲੋੜ ਪਵੇਗੀ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.